# ਜੂਆ
## (Gambling)

### ਵਿਸ਼ੇ ਬਾਰੇ ਜਾਣਕਾਰੀ
**(Topic Overview)**

ਜ਼ਿਆਦਾਤਰ ਲੋਕਾਂ ਲਈ ਜੂਆ ਉਹ ਹੈ ਜੋ ਉਹ ਮਨੋਰੰਜਨ ਲਈ ਕਦੇ-ਕਦਾਈਂ ਖੇਡਦੇ ਹਨ। ਲੋਕ ਲਾਟਰੀਆਂ ਅਤੇ ਬਿੰਗੋਸ ਖੇਡਦੇ ਹਨ, ਜਾਂ ਘੋੜਿਆਂ ਦੀ ਰੇਸ ਅਤੇ ਖੇਡਾਂ ਤੇ ਸ਼ਰਤ ਲਗਾਉਂਦੇ ਹਨ। ਜੂਏ ਤੋਂ ਮਿਲੇ ਪੈਸੇ ਦਾਨ, ਗੈਰ-ਮੁਨਾਫੇ ਵਾਲੀਆਂ ਏਜੰਸੀਆਂ ਅਤੇ ਕਮਿਉਨਿਟੀ ਪ੍ਰੋਗਰਾਮਾਂ ਲਈ ਵਰਤੇ ਜਾਂਦੇ ਹਨ।

ਹੇਠਾਂ ਜੂਏ ਬਾਰੇ ਕੁਝ ਸਵਾਲ ਅਤੇ ਜਵਾਬ ਹਨ।

### ਜੂਆ ਕੀ ਹੈ?
**(What is gambling?)**

ਜੂਆ ਪੈਸੇ, ਸੰਪੱਤੀ, ਜਾਂ ਕੋਈ ਉਹ ਚੀਜ਼ ਜਿਸ ਦਾ ਕੋਈ ਮੁੱਲ ਹੁੰਦਾ ਹੈ, ਨੂੰ ਕਿਸੇ ਉਸ ਗਤੀਵਿਧੀ ਲਈ ਜੋਖਿਮ ਤੇ ਲਗਾਉਣਾ ਹੁੰਦਾ ਹੈ ਜਿਸ ਦੇ ਨਤੀਜੇ ਗੈਰਯਕੀਨੀ ਹੁੰਦੇ ਹਨ। ਜੂਆ ਕਈ ਤਰ੍ਹਾਂ ਦਾ ਹੁੰਦਾ ਹੈ:

- ਲਾਟਰੀ ਟਿਕਟਾਂ, ਰੈਫਲ ਟਿਕਟਾਂ ਜਾਂ ਸਕ੍ਰੈਚ-ਕਰਕੇ-ਜਿੱਤਣ ਵਾਲੀਆਂ ਟਿਕਟਾਂ
- ਖੇਡ ਲਈ ਚੁਣੀਆਂ ਟਿਕਟਾਂ (Sport Select)
- ਪੈਸੇ ਲਈ ਤਾਸ਼ ਖੇਡਣੀ
- ਪੈਸੇ ਲਈ ਹੁਨਰ ਵਾਲੀਆਂ ਖੇਡਾਂ ਖੇਡਣੀਆਂ (ਜਿਵੇਂ ਕਿ ਪੂਲ, ਗੋਲਫ, ਆਰਮ ਰੈਸਲਿੰਗ, ਜਾਂ ਡਾਰਟਸ)
- ਕਿਸੇ ਵੀ ਚੀਜ਼ ਤੇ ਪੈਸਿਆਂ ਨਾਲ ਸ਼ਰਤ ਲਾਉਣੀ (ਜਿਵੇਂ ਕਿ ਕੀ ਕੋਈ ਦੋਸਤ ਬਾਹਰ ਜਾਣ ਲਈ ਪੁੱਛੇਗਾ)

### ਕਨੂੰਨ ਦੁਆਰਾ ਪ੍ਰਮਾਣਿਤ ਜੂਆ ਕੀ ਹੈ?
**(What is legalized gambling?)**

ਅਲਬਰਟਾ ਵਿੱਚ ਕਨੂੰਨ ਦੁਆਰਾ ਪ੍ਰਮਾਣਿਤ ਜੂਆ ਕਈ ਤਰ੍ਹਾਂ ਦਾ ਹੈ। ਇਨ੍ਹਾਂ ਵਿੱਚ ਕੈਸੀਨੋ, ਰੇਸਟ੍ਰੈਕ, ਵੀਡੀਓ ਲਾਟਰੀ ਟਰਮੀਨਲ (video lottery terminals, VLTs), ਬਿੰਗੋ, ਖੇਡ ਚੁਣਨਾ ਅਤੇ ਲਾਟਰੀਆਂ ਸ਼ਾਮਲ ਹਨ। ਇਸ ਤਰ੍ਹਾਂ ਦੇ ਜੂਏ ਕਨੂੰਨਨ ਜਾਇਜ਼ ਹਨ ਕਿਉਂਕਿ ਉਨ੍ਹਾਂ ਦਾ ਪ੍ਰਬੰਧ ਸਰਕਾਰ ਦੁਆਰਾ ਜਾਂ ਸਰਕਾਰ ਦੁਆਰਾ ਬਣਾਏ ਕਨੂੰਨਾਂ ਦੁਆਰਾ ਕੀਤਾ ਜਾਂਦਾ ਹੈ।

### ਤਾਂ ਗੈਰਕਨੂੰਨੀ ਜੂਆ ਕੀ ਹੈ?
**(So what is illegal gambling?)**

ਗੈਰਕਨੂੰਨੀ ਜੂਆ ਉਹ ਜੂਆ ਹੈ ਜੋ ਇਨ੍ਹਾਂ ਕਨੂੰਨਾਂ ਤੋਂ ਬਾਹਰ ਕੀਤਾ ਜਾਂਦਾ ਹੈ। ਪੇਸ਼ੇਵਰ ਖੇਡ ਤੇ ਕਿਸੇ ਬੁੱਕੀ ਦੇ ਨਾਲ ਸ਼ਰਤ ਲਾਉਣਾ (ਉਹ ਜੋ ਵੱਖ-ਵੱਖ ਲੋਕਾਂ ਨਾਲ ਬਹੁਤ ਵੱਡੀਆਂ ਸ਼ਰਤਾਂ ਲਾਉਂਦਾ ਹੈ) ਇਸ ਦੀ ਉਦਾਹਰਨ ਹੈ।

## ਲੋਕ ਜੂਆ ਕਿਉਂ ਖੇਡਦੇ ਹਨ?
**(Why do people gamble?)**

ਲੋਕ ਜੂਆ ਬਹੁਤ ਸਾਰੇ ਕਾਰਨਾਂ ਕਰਕੇ ਖੇਡਦੇ ਹਨ:

- ਮਜ਼ੇ ਜਾਂ ਆਨੰਦ ਲੈਣ ਲਈ
- ਸਮੱਸਿਆਵਾਂ ਤੋਂ ਬਚਣ ਜਾਂ ਉਨ੍ਹਾਂ ਨੂੰ ਭੁੱਲਣ ਲਈ
- ਪੈਸੇ ਜਿੱਤਣ ਲਈ
- ਚੁਣੌਤੀਪੂਰਨ ਮਹਿਸੂਸ ਕਰਨ ਲਈ

## ਕੀ ਕਿਸ਼ੋਰ ਜ਼ਿਆਦਾ ਜੂਆ ਖੇਡਦੇ ਹਨ?
**(Do teenagers gamble much?)**

ਲਗਭਗ 3 ਵਿਚੋਂ 2 ਕਿਸ਼ੋਰ ਜੂਆ ਖੇਡਦੇ ਹਨ। ਕਿਸ਼ੋਰ ਆਮ ਤੌਰ ਤੇ ਤਾਸ਼, ਪੂਲ ਖੇਡਾਂ ਜਾਂ ਪ੍ਰੋ ਖੇਡਾਂ ਉੱਪਰ ਦੋਸਤਾਂ ਨਾਲ ਸ਼ਰਤਾਂ ਲਗਾਉਂਦੇ ਹਨ। 18 ਸਾਲ ਜਾਂ ਉਸ ਤੋਂ ਵੱਧ ਉਮਰ ਦੇ ਕਿਸ਼ੋਰਾਂ ਨੂੰ VLTs ਖੇਡਣ, ਕੈਸੀਨੋ ਵਿੱਚ ਜੂਆ ਖੇਡਣ ਅਤੇ ਲਾਟਰੀ ਟਿਕਟਾਂ ਖਰੀਦਣ ਦੀ ਇਜਾਜ਼ਤ ਹੁੰਦੀ ਹੈ।

## ਕੀ ਸੁਰੱਖਿਅਤ ਸ਼ਰਤ ਵਰਗੀ ਵੀ ਕੋਈ ਚੀਜ਼ ਹੁੰਦੀ ਹੈ?
**(Is there such a thing as a safe bet?)**

ਸਾਰੇ ਜੂਏ ਜਾਂ ਸ਼ਰਤਾਂ ਵਿੱਚ ਕੁਝ ਜੋਖਿਮ ਹਦੇ ਹਨ। ਜ਼ੁੰਮੇਵਾਰੀ ਨਾਲ ਜੂਆ ਖੇਡਣ ਲਈ ਇੱਥੇ ਕੁਝ ਦਿਸ਼ਾ-ਨਿਰਦੇਸ਼ ਹਨ:

- ਆਪਣੀ ਸ਼ਰਤ ਤੇ ਲਾਉਣ ਵਾਲੇ ਪੈਸੇ ਨੂੰ ਸੀਮਾ ਵਿੱਚ ਰੱਖੋ
- ਆਪਣੀ ਸ਼ਰਤ ਤੇ ਬਿਤਾਉਣ ਵਾਲੇ ਸਮੇਂ ਨੂੰ ਸੀਮਾ ਵਿੱਚ ਰੱਖੋ
- ਜੂਏ ਦਾ ਹੋਰ ਸਮਾਜਿਕ ਮੌਕਿਆਂ ਅਤੇ ਰੁੱਚੀਆਂ ਨਾਲ ਸੰਤੁਲਨ ਬਣਾਓ
- ਆਪਣੇ ਜਿੱਤੇ ਹੋਏ ਪੈਸਿਆਂ ਨੂੰ ਜੂਏ ਤੇ ਨਾ ਲਾਓ

ਜ਼ਿਆਦਾਤਰ ਲੋਕ ਜ਼ੁੰਮੇਵਾਰੀ ਨਾਲ ਜੂਆ ਖੇਡਦੇ ਹਨ। ਪਰ ਕੁਝ ਲੋਕਾਂ ਲਈ, ਜੂਆ ਨਸ਼ੇ ਦੀ ਤਰ੍ਹਾਂ ਹੋ ਸਕਦਾ ਹੈ—ਅਤੇ ਇਹ ਸਮੱਸਿਆ ਬਣ ਸਕਦਾ ਹੈ। ਜੁਆਰੀਆਂ ਨੂੰ ਜੋ ਸਮੱਸਿਆਵਾਂ ਅਕਸਰ ਹੁੰਦੀਆਂ ਹਨ, ਉਹ ਹਨ ਪੈਸੇ ਨਾਲ ਪਰੇਸ਼ਾਨੀ, ਤਣਾਅ, ਅਤੇ ਪਰਿਵਾਰ ਜਾਂ ਰਿਸ਼ਤਿਆਂ ਵਿੱਚ ਸਮੱਸਿਆਵਾਂ। ਆਪਣੇ ਨੁਕਸਾਨਾਂ ਕਰਕੇ ਉਹ ਅਕਸਰ ਕਸੂਰਵਾਰ ਅਤੇ ਨਿਯੰਤ੍ਰਨ ਤੋਂ ਬਾਹਰ ਮਹਿਸੂਸ ਕਰ ਸਕਦੇ ਹਨ। ਉਲਝੇ ਜੁਆਰੀ ਇਸ ਤਰ੍ਹਾਂ ਦੀਆਂ ਪਰੇਸ਼ਾਨੀਆਂ ਵਿੱਚ ਵੀ ਫਸ ਸਕਦੇ ਹਨ ਜਿਵੇਂ ਕਿ ਉਦੋਂ ਤਕ ਜੂਆ ਖੇਡਣਾ ਜਦੋਂ ਤਕ ਸਾਰਾ ਪੈਸਾ ਹਾਰ ਨਾ ਜਾਓ, ਪਰਿਵਾਰ ਅਤੇ ਦੋਸਤਾਂ ਤੋਂ ਪੈਸੇ ਉਧਾਰ ਲੈਣਾ, ਅਤੇ ਆਪਣੇ ਜੂਏ ਲਈ ਪੈਸੇ ਦੇਣ ਲਈ ਕਰਜ਼ੇ ਵਿੱਚ ਚਲੇ ਜਾਣਾ। ਇਸ ਤਰ੍ਹਾਂ ਦੀਆਂ ਪਰੇਸ਼ਾਨੀਆਂ ਕਾਰਨ ਸ਼ਾਮਲ ਵਿਅਕਤੀਆਂ ਨੂੰ ਤਣਾਅ, ਡਰ, ਪੀੜਾ ਅਤੇ ਘਬਰਾਹਟ ਹੋ ਸਕਦੀ ਹੈ।

ਹੋਰ ਜ਼ਿਆਦਾ ਜਾਣਕਾਰੀ ਅਤੇ ਆਪਣੇ ਨੇੜੇ ਅਡਿਕਸ਼ਨ ਸਰਵਸਿਸ ਅਫਸਰ ਨੂੰ ਲੱਭਣ ਲਈ, ਕਿਰਪਾ ਕਰਕੇ 24-ਘੰਟੇ ਮਦਦ ਲਾਈਨ ਤੇ ਕਾਲ ਕਰੋ।

24/7 ਨਰਸ ਸਲਾਹ ਅਤੇ ਸਿਹਤ ਜਾਣਕਾਰੀ ਲਈ, ਕਿਰਪਾ ਕਰਕੇ ਹੈਲਥ ਲਿੰਕ (Health Link) ਨੂੰ 811 ਤੇ ਕਾਲ ਕਰੋ।

**ਅਖੀਰਲੀ ਵਾਰ ਸੰਸ਼ੋਧਿਤ ਕੀਤਾ:** 11 ਅਪ੍ਰੈਲ, 2019
**ਲੇਖਕ:** ਨਸ਼ਾ ਅਤੇ ਮਾਨਸਿਕ ਸਿਹਤ, ਅਲਬਰਟਾ ਸਿਹਤ ਸੇਵਾਵਾਂ (Addiction & Mental Health, Alberta Health Services)

ਇਹ ਸਮੱਗਰੀ ਕੇਵਲ ਜਾਣਕਾਰੀ ਦੇ ਉਦੇਸ਼ਾਂ ਲਈ ਹੈ। ਇਸ ਨੂੰ ਮੈਡੀਕਲ ਸਲਾਹ, ਨਿਰਦੇਸ਼, ਅਤੇ/ਜਾਂ ਇਲਾਜ ਲਈ ਨਹੀਂ ਵਰਤਿਆ ਜਾਣਾ ਚਾਹੀਦਾ ਹੈ। ਜੇ ਤੁਹਾਡੇ ਕੋਈ ਸਵਾਲ ਹਨ, ਤਾਂ ਆਪਣੇ ਡਾਕਟਰ ਜਾਂ ਉਚਿਤ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ।